| JAS ID | CASE NUMBER |
|---|---|
| CLIENT ID | |

# ਵਿਅਕਤੀਗਤ ਜ਼ਿੰਮੇਵਾਰੀ ਯੋਜਨਾ

## Individual Responsibility Plan (IRP)

ਲਈ ਵਰਕਫ਼ਰਸਟ (WorkFirst) ਦੀ ਵਿਅਕਤੀਗਤ ਜ਼ਿੰਮੇਵਾਰੀ ਯੋਜਨਾ__________________

ਮੈਂ ਸਮਝਦਾ/ਦੀ ਹਾਂ ਕਿ :

- ਮੈਨੂੰ ਕੰਮ ਕਰਨ, ਕੰਮ ਦੀ ਤਲਾਸ਼ ਕਰਨ ਜਾਂ ਕੰਮ ਲਈ ਤਿਆਰੀ ਕਰਨ ਦੀ ਲੋੜ ਹੈ।
- ਮੈਨੂੰ ਲੋੜੀਂਦੀਆਂ ਗਤੀਵਿਧੀਆਂ ਲਾਜ਼ਮੀ ਤੌਰ ਭਾਗ ਲੈਣਾ ਚਾਹੀਦਾ ਹੈ। ਜੇ ਮੈਂ ਅਜਿਹਾ ਨਹੀਂ ਕਰਦਾ/ਦੀ ਹਾਂ, ਤਾਂ ਮੈਨੂੰ ਜੁਰਮਾਨਾ ਲਗਾਇਆ ਜਾਵੇਗਾ ਜਦ ਤਕ ਕਿ ਮੈਂ ਇਹ ਸਾਬਤ ਨਾ ਕਰ ਸਕਾਂ ਕਿ ਅਜਿਹਾ ਨਾ ਕਾਰਨ ਪਿੱਛੇ ਕੋਈ ਵਧੀਆ ਕਾਰਨ ਸੀ। ਇਸਨੂੰ ਵਰਕਫ਼ਰਸਟ (WorkFirst) ਆਦੇਸ਼ ਦਾ ਪ੍ਰਤਿਬੰਧ ਵਿੱਚ ਹੋਣਾ ਕਿਹਾ ਜਾਂਦਾ ਹੈ। ਜੇ ਮੇਰੇ 'ਤੇ ਇਹ ਪ੍ਰਤਿਬੰਧ
  - ਲਗਾਇਆ ਜਾਂਦਾ ਹੈ, ਤਾਂ ਇਸਦਾ ਮਤਲਬ ਹੈ ਕਿ:
    - ਮੇਰੀ ਗਰਾਂਟ ਨੂੰ 40% ਤਕ ਜਾਂ ਇੱਕ ਵਿਅਕਤੀ ਦੇ ਹਿੱਸੇ ਜਿੰਨਾ, ਦੋਨਾਂ ਵਿੱਚੋਂ ਜੋ ਵੀ ਵੱਧ ਹੋਵੇ, ਘਟਾ ਦਿੱਤਾ ਜਾਵੇਗਾ, ਜਾਂ:-
    - ਮੇਰੀ ਗਰਾਂਟ ਬੰਦ ਕਰ ਦਿੱਤੀ ਜਾਵੇਗੀ ਜੇ ਮੈਂ ਗੈਰਪਾਲਣ ਕੇਸ ਸਟਾਫਿੰਗ ਜਾਂ ਹੋਮ-ਵਿਜ਼ੀਟ/ਵੈਕਲਪਿਕ ਮੀਟਿੰਗ ਵਿੱਚ ਭਾਗ ਨਹੀਂ ਲੈਂਦਾ/ਲੈਂਦੀ.
  - ਜੇ ਮੇਰੀ ਗਰਾਂਟ ਨੂੰ ਵਰਕਫਰਸਟ (WorkFirst) ਦੇ ਆਦੇਸ਼ ਕਾਰਨ ਘਟਾ ਦਿੱਤਾ ਜਾਂਦਾ ਹੈ:
    - ਇਸ ਪ੍ਰਤਿਬੰਧ ਵਿੱਚੋਂ ਬਾਹਰ ਆਉਣ ਲਈ ਮੈਨੂੰ ਲਾਜ਼ਮੀ ਤੌਰ 'ਤੇ ਚਾਰ ਹਫ਼ਤਿਆਂ ਵਾਸਤੇ ਲਗਾਤਾਰ ਮੇਰੀ ਵਿਅਕਤੀਗਤ ਜ਼ਿੰਮੇਵਾਰੀ ਯੋਜਨਾ (IRP) ਦਾ ਪਾਲਣ ਕਰਨਾ ਪਵੇਗਾ।
    - ਜੋ ਕੁਝ ਲੋੜੀਂਦਾ ਹੈ, ਜਦ ਮੈਂ ਉਹ ਲਗਾਤਾਰ ਚਾਰ ਹਫ਼ਤਿਆਂ ਤਕ ਕਰ ਲੈਂਦਾ/ਦੀ ਹਾਂ, ਤਾਂ ਮੇਰੇ 'ਤੇ ਲਗਾਇਆ ਜੁਰਮਾਨਾ ਹਟਾ ਲਿਆ ਜਾਵੇਗਾ ਜੋ ਮੇਰੀ ਚਾਰ ਹਫ਼ਤਿਆਂ ਦੀ ਭਾਗੀਦਾਰੀ ਦੇ ਬਾਅਦ ਸ਼ੁਰੂ ਹੋਣ ਵਾਲੇ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਚਾਲੂ ਹੋਵੇਗਾ।
    - ਜੇ ਮੈਂ ਲਗਾਤਾਰ ਦੋ ਮਹੀਨੇ ਪ੍ਰਤਿਬੰਧ ਹੇਠ ਰਹਿੰਦਾ/ਰਹਿੰਦੀ ਹਾਂ ਤਾਂ ਮੇਰੇ ਕੇਸ ਨੂੰ ਬੰਦ ਕੀਤਾ ਜਾ ਸਕਦਾ ਹੈ।
  - ਜੇ ਮੇਰੀ ਗਰਾਂਟ ਨੂੰ ਵਰਕਫਰਸਟ (WorkFirst)
    - ਦੇ ਆਦੇਸ਼ ਕਾਰਨ ਮੇਰੇ ਕੇਸ ਨੂੰ ਬੰਦ ਕਰ ਦਿੱਤਾ ਜਾਂਦਾ ਹੈ ਤਾਂ ਨਕਦੀ ਪ੍ਰਾਪਤ ਕਰਨ ਤੋਂ ਪਹਿਲਾਂ ਮੈਨੂੰ ਮੁੜ ਅਰਜ਼ੀ ਦੇਣ ਅਤੇ ਲਗਾਤਾਰ ਚਾਰ ਹਫ਼ਤਿਆਂ ਵਾਸਤੇ ਹਿੱਸਾ ਲੈਣ ਦੀ ਲੋੜ ਪੈ ਸਕਦੀ ਹੈ।
    - ਤਿੰਨ (3) ਕੇਸ ਸਮਾਪਤੀ ਆਦੇਸ਼ਾਂ ਤੋਂ ਬਾਅਦ ਮੈਨੂੰ TANF/SFA ਪ੍ਰਾਪਤ ਕਰਨ ਤੋਂ ਸਥਾਈ ਤੌਰ 'ਤੇ ਅਯੋਗ ਬਣਾਇਆ ਜਾ ਸਕਦਾ ਹੈ।
- 1 ਮਾਰਚ 2007 ਦੇ ਬਾਅਦ, ਵਰਕਫਸਟ ਦੇ ਪ੍ਰਤਿਬੰਧ ਕਾਰਨ ਮੇਰਾ ਕੇਸ _____ ਵਾਰੀ ਬੰਦ ਕੀਤਾ ਗਿਆ ਹੈ।
- ਜਦੋਂ ਮੈਨੂੰ TANF/SFA ਦੇ ਲਾਭ ਮਿਲਦੇ ਹਨ ਤਾਂ ਮੈਨੂੰ ਲਾਜ਼ਮੀ ਤੌਰ 'ਤੇ ਡਿਵੀਜ਼ਨ ਆਫ਼ ਚਾਈਲਡ ਸਪੋਰਟ (Division of Child Support) ਦੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਜਦ ਤਕ ਕਿ ਸਹਿਯੋਗ ਨਾ ਕਰਨ ਵਾਸਤੇ ਮੇਰੇ ਕੋਲ ਕੋਈ ਬਹੁਤ ਵਧੀਆ ਕਾਰਨ ਨਾ ਹੋਵੇ। ਬੱਚੇ ਦੇ ਪਾਲਣ ਪੋਸ਼ਣ ਵਿੱਚ ਸਹਾਇਤਾ (Child Support) ਨੂੰ ਸਫਲਤਾਪੂਰਵਕ ਲੈਂਦੇ ਰਹਿਣ ਨਾਲ ਮੈਨੂੰ ਨਕਦ ਸਹਾਇਤਾ ਦੀ ਲੋੜ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ।
- ਮੈਂ ਆਪਣੇ ਜੀਵਨ ਕਾਲ ਵਿੱਚ ਸਿਰਫ਼ 60 ਮਹੀਨਿਆਂ ਵਾਸਤੇ ਹੀ TANF/SFA ਦੇ ਨਕਦ ਲਾਭ ਲੈ ਸਕਦਾ/ਦੀ ਹਾਂ ਜਦ ਤਕ ਕਿ ਮੈਂ ਵਧੀਕ ਮਿਆਦ ਵਾਸਤੇ ਯੋਗਤਾ ਪੂਰੀ ਨਾ ਕਰਦਾ/ਦੀ ਹੋਵਾਂ।
- ਮੈਂ _____ਮਹੀਨਿਆਂ ਦੇ ਨਕਦ ਲਾਭ ਵਰਤ ਲਏ ਹਨ।
- ਮੈਨੂੰ ਕੰਮ ਕਰਨ, ਕੰਮ ਦੀ ਤਲਾਸ਼ ਕਰਨ ਜਾਂ ਕੰਮ ਲਈ ਤਿਆਰੀ ਕਰਨ ਦੀ ਲੋੜ ਹੈ। ਜੇ ਮੈਂ ਕਿਸੇ ਤਹਿਸ਼ੁਦਾ ਕੰਮ ਵਿੱਚ ਹਾਜ਼ਰੀ ਨਹੀਂ ਭਰ ਸਕਦਾ/ਦੀ ਤਾਂ ਮੈਂ ਹੇਠਾਂ ਲਿਖੇ ਨੰਬਰ 'ਤੇ ਸੰਬੰਧਿਤ ਵਿਅਕਤੀ ਨੂੰ ਫ਼ੋਨ ਕਰਾਂਗਾ/ਗੀ।
- ਮੈਨੂੰ ਲਾਜ਼ਮੀ ਤੌਰ 'ਤੇ ਹੇਠਾਂ ਨਿਰਧਾਰਤ ਕੀਤੇ ਸਮੇਂ ਅਨੁਸਾਰ ਹਰ ਹਫ਼ਤੇ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ:

________________________________________________________________________________

ਜੇ ਕੋਈ ਬਹੁਤ ਹੀ ਠੋਸ ਕਾਰਨ ਹੈ ਜਿਸ ਕਰਕੇ ਮੈਂ ਆਪਣੀ ਯੋਜਨਾ ਦੀ ਪਾਲਣਾ ਨਹੀਂ ਕਰ ਸਕਦਾ/ਦੀ ਤਾਂ ਮੈਨੂੰ ਲਾਜ਼ਮੀ ਤੌਰ 'ਤੇ ਮੇਰੇ ਵਰਕਫਾਸਟ ਪ੍ਰੋਗਰਾਮ ਸਪੈਸ਼ਲਿਸਟ/ਸ਼ੋਸ਼ਲ ਵਰਕਰ ਨਾਲ ਜਿੰਨੀ ਜਲਦੀ ਹੋ ਸਕੇ ਸੰਪਰਕ ਕਰਨਾ ਚਾਹੀਦਾ ਹੈ ਅਤੇ ਕੰਮ ਕਰਨਾ ਚਾਹੀਦਾ ਹੈ। ਠੋਸ ਕਾਰਨਾਂ ਦੀਆਂ ਕੁਝ ਉਦਾਹਰਨਾਂ ਵਿੱਚ ਇਹ ਸ਼ਾਮਲ ਹਨ:

- ਮੈਂ ਬਿਮਾਰੀ ਕਰਕੇ ਜਾਂ ਮੇਰੀ ਬਾਲ ਦੇਖਭਾਲ ਜਾਂ ਆਵਾਜਾਈ ਸਾਧਨ ਦੀ ਸੁਵਿਧਾ ਦੇ ਅਸਫਲ ਹੋਣ ਕਰਕੇ ਆਪਣੀ ਅਪਵਾਇੰਟਮੈਂਟ 'ਤੇ ਨਹੀਂ ਗਿਆ/ਗਈ;
- ਮੈਨੂੰ ਕੋਈ ਸੰਕਟਕਾਲੀਨ ਅਵਸਥਾ ਹੈ (ਸਰੀਰਕ, ਮਾਨਸਿਕ ਜਾਂ ਭਾਵਨਾਤਮਕ);
- ਮੈਂ ਪਰਿਵਾਰਕ ਹਿੰਸਾ ਦਾ/ਦੀ ਸ਼ਿਕਾਰ ਹਾਂ;
- ਮੈਨੂੰ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਆਪਣੇ ਖੇਤਰ ਵਿੱਚ ਸਹੀ ਕੀਮਤ ਦੀ, ਢੁਕਵੀਂ ਬਾਲ ਦੇਖਭਾਲ ਨਹੀਂ ਮਿਲਦੀ;
- ਮੇਰੀ ਕੋਈ ਤੁਰੰਤ ਕਾਨੂੰਨੀ ਸਮੱਸਿਆ ਆਣ ਪਈ ਹੈ;
- ਮੈਨੂੰ ਅਪੰਗਤਾ ਹੈ ਜਾਂ ਕੁਝ ਵਿਸ਼ੇਸ਼ ਸਮੱਸਿਆਵਾਂ ਹਨ ਅਤੇ ਇਸਨੇ ਮੈਨੂੰ ਪ੍ਰੋਗਰਾਮ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਰੋਕੀ ਰੱਖਿਆ ਹੈ; ਜਾਂ
- ਮੈਂ ਇੱਕ ਬਾਲਗ ਹੈ ਅਤੇ ਮੈਨੂੰ ਇੱਕ ਪ੍ਰਚੰਡ ਅਤੇ ਚਿਰਕਾਲੀਨ ਅਪੰਗਤਾ ਹੈ;
- ਕਿਸੇ ਵਿਸ਼ੇਸ਼ ਲੋੜਾਂ ਵਾਲੇ ਬੱਚੇ ਦੀ ਦੇਖਭਾਲ ਕਰਨ ਵਾਸਤੇ ਜਾਂ ਅਪੰਗਤਾਵਾਂ ਵਾਲੇ ਕਿਸੇ ਹੋਰ ਬਾਲਗ ਦੀ ਦੇਖਭਾਲ ਕਰਨ ਵਾਸਤੇ ਮੇਰੀ ਘਰ ਵਿੱਚ ਲੋੜ ਹੈ;
- ਮੈਂ 55 ਸਾਲ ਜਾਂ ਇਸ ਤੋਂ ਵੱਡੀ ਉਮਰ ਦੀ/ਦਾ ਹਾਂ ਅਤੇ ਮੈਂ ਬੱਚੇ ਦੀ ਦੇਖਭਾਲ ਕਰ ਰਿਹਾ/ਰਹੀ ਹਾਂ ਅਤੇ ਮੈਂ ਬੱਚੇ ਦਾ ਮਾਪਾ ਨਹੀਂ ਹਾਂ; ਜਾਂ
- ਮੈਂ ਕਿਸੇ DSHS ਸੁਵਿਧਾਕਾਰ ਨਾਲ SSI ਵਾਸਤੇ ਅਰਜ਼ੀ ਦੇ ਰਿਹਾ/ਰਹੀ ਹਾਂ।

ਜੇ ਮੈਂ ਇਸ ਯੋਜਨਾ ਨਾਲ ਅਸਹਿਮਤ ਹੋਵਾਂ ਤਾਂ ਮੈਨੂੰ ਕੇਸ ਦੀ ਸਮੀਖਿਆ ਕਰਨ ਅਤੇ/ਜਾਂ ਪ੍ਰਸ਼ਾਸਨਿਕ ਸੁਣਵਾਈ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਸੁਣਵਾਈ ਦੀ ਬੇਨਤੀ ਕਰਨ ਵਾਸਤੇ, ਹੇਠਾਂ ਮੇਰੇ ਕੇਸ ਮੈਨੇਜਰ ਵੱਲੋਂ ਹੇਠਾਂ ਦਸਤਖ਼ਤ ਕਰਨ ਦੀ ਤਾਰੀਖ਼ ਤੋਂ 90 ਦਿਨਾਂ ਦੇ ਅੰਦਰ ਮੈਨੂੰ ਲਾਜ਼ਮੀ ਤੌਰ 'ਤੇ ਆਪਣੇ ਕਮਿਊਨਿਟੀ ਸਰਵਿਸਿਜ਼ ਆਫ਼ਿਸ ਜਾਂ Office of Administrative Hearings, DSHS, PO Box 42489, Olympia WA 98504-2489 ਨਾਲ ਸੰਪਰਕ ਕਰਨਾ ਚਾਹੀਦਾ ਹੈ। ਮੈਨੂੰ ਮੇਰੀ ਵਿਅਕਤੀਗਤ ਜ਼ਿੰਮੇਵਾਰੀ ਯੋਜਨਾ ਦੀ ਇੱਕ ਨਕਲ ਦਿੱਤੀ ਗਈ ਹੈ। ਸੁਣਵਾਈ ਸਮੇਂ ਮੈਨੂੰ ਹੱਕ ਹੈ ਕਿ ਮੇਰੀ ਪ੍ਰਤਿਨਿੱਧਤਾ ਮੈਂ ਖ਼ੁਦ ਕਰਾਂ, ਮੇਰਾ ਵਕੀਲ ਕਰੇ ਜਾਂ ਮੇਰੇ ਦੁਆਰਾ ਚੁਣਿਆ ਕੋਈ ਹੋਰ ਵਿਅਕਤੀ ਕਰੇ। *ਕੋਆਰਡੀਨੇਟਿਡ ਲੀਗਲ ਐਜੂਕੇਸ਼ਨ ਐਡਵਾਈਸ ਐਂਡ ਰੈਫਰਲ* (CLEAR) ਨਾਲ ਹੇਠਲੇ ਤਰੀਕਿਆਂ ਨਾਲ ਸੰਪਰਕ ਕਰਨ ਤੇ ਹੋ ਸਕਦਾ ਹੈ ਕਿ ਮੈਨੂੰ ਮੁਫਤ ਕਾਨੂੰਨੀ ਸਲਾਹ ਜਾਂ ਪ੍ਰਤਿਨਿੱਧਤਾ ਮਿਲ ਸਕੇ:

- ਉਹਨਾਂ ਦੀ ਵੈਬਸਾਈਟ http://nwjustice.org/get-legal-help; ਤੇ ਜਾਓ
- 1-888-201-1014 ਨੰਬਰ ਤੇ ਫੋਨ ਕਰਕੇ ਜੇ ਮੇਰੀ ਉਮਰ 60 ਸਾਲ ਤੋਂ ਘੱਟ ਹੈ।
- 1-888-387-7111 ਨੰਬਰ ਤੇ ਫੋਨ ਕਰਕੇ ਜੇ ਮੇਰੀ ਉਮਰ 60 ਸਾਲ ਜਾਂ ਉਸ ਤੋਂ ਵੱਧ ਹੈ।

| CASE MANAGER'S SIGNATURE | DATE | ਮੇਰੇ ਦਸਤਖ਼ਤ | ਤਾਰੀਖ਼ |
|---|---|---|---|
| | | | |

| JAS ID | CASE NUMBER | CLIENT ID |
|---|---|---|
| | | |

## ਗੁਪਤ ਲੋੜਾਂ

ਹੋ ਸਕਦਾ ਹੈ ਮੈਂ ਸਹਾਇਤਾ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹੋਵਾਂ ਜੋ ਮੇਰੀ ਨੌਕਰੀ 'ਤੇ ਤਰੱਕੀ ਕਰਨ, ਮੇਰੀ ਨੌਕਰੀ ਨੂੰ ਬਣਾਈ ਰੱਖਣ, ਕਿਸੇ ਨੌਕਰੀ ਨੂੰ ਸਵੀਕਾਰ ਕਰਨ, ਕਿਸੇ ਨੌਕਰੀ ਦੀ ਤਲਾਸ਼ ਕਰਨ ਜਾਂ ਮੇਰੀ ਯੋਜਨਾ ਦੀ ਪਾਲਣਾ ਕਰਨ ਵਿੱਚ ਮੇਰੀ ਮਦਦ ਕਰ ਸਕਦੀਆਂ ਹਨ। ਜੇ ਸਹਾਇਤਾ ਸੇਵਾਵਾਂ ਬਾਰੇ ਕਿਸੇ ਫ਼ੈਸਲੇ ਨਾਲ ਮੈਂ ਅਸਹਿਮਤ ਹਾਂ ਤਾਂ ਮੈਂ ਕੇਸ ਦੀ ਸਮੀਖਿਆ ਅਤੇ/ਜਾਂ ਸੁਣਵਾਈ ਦੀ ਮੰਗ ਕਰ ਸਕਦਾ/ਦੀ ਹਾਂ। ਜੇ ਮੈਨੂੰ ਹੇਠਾਂ ਲਿਖੀਆਂ ਸਹਾਇਤਾ ਸੇਵਾਵਾਂ ਦੀ ਲੋੜ ਹੈ ਤਾਂ ਮੈਂ ਆਪਣੇ ਵਰਕਫ਼ਰਸਟ ਪ੍ਰੋਗਰਾਮ ਸਪੈਸ਼ਲਿਸਟ/ਸ਼ੋਸ਼ਲ ਵਰਕਰ ਨੂੰ ਪੁੱਛਾਂਗਾ/ਗੀ:

- ਕਾਰ ਮੁਰੰਮਤ
- ਕੱਪੜੇ
- ਸਲਾਹ ਮਸ਼ਵਰਾ ਕਰਨਾ
- ਬੱਚਿਆਂ ਦੇ ਪੋਤੜੇ
- ਸਿੱਖਿਆ ਦੇ ਖ਼ਰਚੇ
- ਨਿੱਜੀ ਸਫਾਈ
- ਲਾਇਸੈਂਸ/ਫੀਸਾਂ
- ਵਾਲ ਕਟਵਾਉਣੇ
- ਬੱਸ ਦੇ ਪਾਸ
- ਯਾਤਰਾ ਖ਼ਰਚਾ
- ਕੰਮ ਕਰਨ ਵਾਸਤੇ ਔਜ਼ਾਰ
- ਪਰਿਵਾਰਕ ਯੋਜਨਾਬੰਦੀ

ਜਦੋਂ ਮੈਂ ਪ੍ਰਤਿਬੰਧ ਅਧੀਨ ਹੋਵਾਂ, ਤਾਂ ਮੈਂ ਸਹਾਇਤਾ ਸੇਵਾਵਾਂ ਨਹੀਂ ਲੈ ਸਕਦਾ/ਦੀ (ਜਿਵੇਂ ਕਿ ਕੰਮ ਕਰਨ ਦੇ ਕੱਪੜਿਆਂ ਜਾਂ ਆਵਾਜਾਈ ਸਾਧਨਾਂ ਵਾਸਤੇ ਪੈਸੇ) ਜਦ ਤਕ ਕਿ ਮੈਂ ਆਪਣੀ IRP ਦੀ ਪਾਲਣਾ ਕਰਨਾ ਸ਼ੁਰੂ ਨਹੀਂ ਕਰ ਦਿੰਦਾ/ਦੀ।

ਮੈਂ ਸਮਝਦਾ/ਦੀ ਹਾਂ ਕਿ ਜੇ ਮੈਂ ਬਿਨਾਂ ਕਿਸੇ ਠੋਸ ਕਾਰਨ ਦੇ ਡਿਵੀਜ਼ਨ ਆਫ਼ ਚਾਈਲਡ ਸਪੋਰਟ (DCS) ਦੇ ਨਾਲ ਸਹਿਯੋਗ ਕਰਨਾ ਬੰਦ ਕਰ ਦਿੰਦਾ/ਦੀ ਹਾਂ ਤਾਂ ਮੇਰੀ ਗ੍ਰਾਂਟ ਨੂੰ ਘੱਟ ਕੀਤਾ ਜਾ ਸਕਦਾ ਹੈ। ਠੋਸ ਕਾਰਨਾਂ ਵਿੱਚ ਸ਼ਾਮਲ ਹਨ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਨੁਕਸਾਨ ਪਹੁੰਚਣ ਦੀ ਧਮਕੀ। ਮੈਂ ਸਮਝਦਾ/ਦੀ ਹਾਂ ਕਿ ਜਦੋਂ ਮੈਂ TANF ਸਹਾਇਤਾ ਲੈ ਰਿਹਾ/ਰਹੀ ਹੋਵਾਂ ਤਾਂ ਮੇਰੇ ਵੱਲੋਂ ਇਕੱਠੀ ਕੀਤੀ ਕੋਈ ਵੀ ਬਾਲ ਸਹਾਇਤਾ ਸਰਕਾਰ ਨੂੰ ਵਾਪਸ ਅਦਾ ਕਰਨ ਵਾਸਤੇ ਰੱਖੀ ਜਾਂਦੀ ਹੈ।

ਜਦੋਂ ਮੈਂ TANF/SFA ਪ੍ਰਾਪਤ ਕਰਨੀ ਬੰਦ ਕਰ ਦਿੰਦਾ/ਦੀ ਹਾਂ ਤਾਂ DCS ਬਾਲ ਸਹਾਇਤਾ ਪ੍ਰਾਪਤ ਕਰੇਗਾ ਅਤੇ ਇਸਨੂੰ ਮੈਨੂੰ ਭੇਜ ਦੇਵੇਗਾ ਜਦ ਤਕ ਕਿ ਮੈਂ ਉਹਨਾਂ ਨੂੰ ਬੰਦ ਕਰਨ ਵਾਸਤੇ ਨਾ ਕਹਿ ਦੇਵਾਂ। ਮੈਂ ਸਹਾਇਤਾ ਸੇਵਾਵਾਂ, ਪ੍ਰਤਿਬੰਧਾਂ, ਅਤੇ ਬੱਚੇ ਦੇ ਪਾਲਣ ਪੋਸ਼ਣ ਵਿੱਚ ਸਹਾਇਤਾ ਨੂੰ ਸਮਝਦਾ/ਦੀ ਹਾਂ।

| CASE MANAGER'S SIGNATURE | DATE | ਮੇਰੇ ਦਸਤਖਤ | ਤਾਰੀਖ਼ |
|---|---|---|---|
| | | | |